**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/57421
ਮਿਤੀ ਚੰਡੀਗੜ੍ਹ 08.09.2010

**ਵਿਸ਼ਾ: 'ਚੰਪਕ' ਮੈਗਜ਼ੀਨ (ਹਿੰਦੀ) ਨੂੰ ਬਲਾਕ ਦੇ 5 ਵਧੀਆ ਪ੍ਰਾਇਮਰੀ ਸਕੂਲਾਂ ਵਿੱਚ ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਰਵ ਸਿੱਖਿਆ ਅਭਿਆਨ ਅਧੀਨ ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਰੀਡਿੰਗ ਸੈੱਲ ਸਥਾਪਿਤ ਕੀਤੇ ਗਏ ਹਨ। ਇਹਨਾਂ ਰੀਡਿੰਗ ਸੈੱਲਾਂ ਅਧੀਨ ਬੱਚਿਆਂ ਲਈ ਕਿਤਾਬਾਂ ਅਤੇ ਮੈਗਜ਼ੀਨ ਭੇਜੇ ਜਾਂਦੇ ਹਨ।

3.0 ਆਪ ਜੀ ਦੀ ਜਾਣਕਾਰੀ ਹਿਤ ਦੱਸਿਆ ਜਾਂਦਾ ਹੈ ਕਿ ਹਰੇਕ ਬਲਾਕ ਦੇ ਪੰਜ ਵਧੀਆ ਪ੍ਰਾਇਮਰੀ ਸਕੂਲਾਂ ਲਈ 'ਚੰਪਕ' ਨਾਂ ਦਾ ਇੱਕ ਹਿੰਦੀ ਮੈਗਜ਼ੀਨ ਸਤੰਬਰ ਮਹੀਨੇ ਤੋਂ ਹਰ ਪੰਦਰਵਾੜੇ ਬਾਅਦ ਇਹਨਾਂ ਸਕੂਲਾਂ ਅੰਦਰ ਭੇਜਿਆ ਜਾਵੇਗਾ। ਇਸ ਮੈਗਜ਼ੀਨ ਦੀ ਇੱਕ-ਇੱਕ ਕਾਪੀ ਇਹਨਾਂ ਪੰਜ ਵਧੀਆ ਸਕੂਲਾਂ ਅੰਦਰ ਭੇਜੀ ਜਾਣੀ ਹੈ।

4.0 ਮੈਗਜ਼ੀਨ ਨੂੰ ਸਮੇਂ ਸਿਰ ਸਕੂਲਾਂ ਅੰਦਰ ਪੁੱਜਦਾ ਕਰਨਾ ਯਕੀਨੀ ਬਣਾਇਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿਠ ਅੰਕਣ ਨੰ: ਉਕਤ/57422** **ਮਿਤੀ 08.09.2010**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ (ਵੈੱਬਸਾਈਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**